9122024-Amritsar-07.qxd 12/09/2024 12:47 AM Page 1

ਸੂਬਾ ਸਰਕਾਰ ਦੇ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਪ੍ਰਧਾਨ ਮਦਨ ਗੋਪਾਲ, ਜਨ : ਸਕੱਤਰ ਮਦਨ ਲਾਲ ਮੰਨਣ, ਪ੍ਰੈੱਸ ਸਕੱਤਰ ਸੁਖਦੇਵ ਰਾਜ ਕਾਲੀਆ ਅਤੇ ਹੋਰ। ਅਜੀਤ ਤਸਵੀਰ

ਪੈਨਸ਼ਨਰਾਂ ਵਲੋਂ ਸੂਬਾ ਸਰਕਾਰ ਦੇ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ

ਅੰਮ੍ਰਿਤਸਰ, 8 ਦਸੰਬਰ (ਗਗਨਦੀਪ ਸ਼ਰਮਾ)-ਪੰਜਾਬ ਸਟੇਟ ਪੈਂਨਸ਼ਨਰਜ ਅਤੇ ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਅੰਮ੍ਰਿਤਸਰ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਮਦਨ ਗੋਪਾਲ ਦੀ ਪ੍ਰਧਾਨਗੀ ਹੇਠ ਸਥਾਨਕ ਕੰਪਨੀ ਬਾਗ ਵਿਖੇ ਹੋਈ, ਜਿਸ ਵਿਚ ਪੈਨਸ਼ਨਰ ਵਿਰੋਧੀ ਨੀਤੀਆਂ ਦੇ ਰੋਸ ਵਜੋਂ ਸੂਬਾ ਸਰਕਾਰ ਦੇ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਜਨਰਲ ਸਕੱਤਰ ਮਦਨ ਲਾਲ ਮੰਨਣ ਨੇ ਮੀਟਿੰਗ ਦਾ ਏਜੰਡਾ ' 17 ਦਸੰਬਰ (ਪੈਨਸ਼ਨਰਜ਼ ਦਿਵਸ) ਅਤੇ ਪੰਜਾਬ ਸਰਕਾਰ ਦਾ ਪੈਨਸ਼ਨਰਜ਼ ਪ੍ਰਤੀ ਮਾੜਾ ਵਤੀਰਾ' ਪੇਸ਼ ਕਰਕੇ ਮੀਟਿੰਗ ਦੀ ਕਾਰਵਾਈ ਅੱਗੇ ਚਲਾਈ ਅਤੇ ਕਿਹਾ ਕਿ ਜਦੋਂ ਦੀ ਭਗਵੰਤ ਮਾਨ ਸਰਕਾਰ ਹੋਂਦ ਵਿਚ ਆਈ ਹੈ, ਪੈਨਸ਼ਨਰਾਂ ਦੀ ਨਾ ਕੋਈ ਮੰਗ ਮੰਨੀ, ਨਾ ਹੀ ਕੋਈ ਮੀਟਿੰਗ ਕੀਤੀ। ਪ੍ਰੈੱਸ ਸਕੱਤਰ ਸੁਖਦੇਵ ਰਾਜ ਕਾਲੀਆ ਨੇ ਸੰਬੋਧਨ ਕਰਦਿਆਂ ਕਿਹਾ ਕਿ 'ਆਪ' ਸਰਕਾਰ ਮੰਗਾਂ ਮੰਨਣ ਦੀ ਜਗਾ ਖੋਹਣ ਵੱਲ ਚੱਲ ਪਈ ਹੈ। ਪੇ-ਕਮਿਸ਼ਨ ਵਲੋਂ ਪੈਂਨਸ਼ਨਰਜ਼ ਨੂੰ ਦਿੱਤਾ 2.59 ਦਾ ਗੁਣਾਂਕ ਲਾਗੂ ਨਾ ਕਰਨਾ, ਕੈਸ਼ਲੈੱਸ ਸਕੀਮ ਲਾਗੂ ਨਾ ਕਰਨਾ, 66 ਮਹੀਨੇ ਦਾ ਪੇ-ਕਮਿਸ਼ਨ ਦਾ ਬਕਾਇਆ ਨਾ ਦੇਣਾ, 11% ਬਣਦਾ ਡੀ. ਏ. ਬਕਾਇਆ ਸਮੇਤ ਨਾ ਦੇਣਾ, ਪੁਰਾਣੀ ਪੈਨਸ਼ਨ ਪ੍ਰਣਾਲੀ ਬਹਾਲ ਨਾ ਕਰਨਾ ਆਦਿ ਬਹੁਤ ਸਾਰੀਆਂ ਮੰਗਾਂ ਨੂੰ ਹਾਲੇ ਤੀਕ ਬੂਰ ਨਹੀਂ ਪਿਆ। ਜ਼ਿਲ੍ਹਾ ਪ੍ਰਧਾਨ ਮਦਨ ਗੋਪਾਲ ਨੇ ਦੱਸਿਆ ਕਿ 17 ਦਸੰਬਰ ਨੂੰ ਪੁਸ਼ਪਾਵਤੀ ਹਾਲ, ਨੇੜੇ ਸ਼ਿਵਾਲਾ ਭਾਈਆਂ ਵਿਖੇ ਹਰ ਸਾਲ ਦੀ ਤਰ੍ਹਾਂ ਪੈਨਸ਼ਨ ਦਿਵਸ ਮੌਕੇ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਅਜਨਾਲਾ, ਬਾਬਾ ਬਕਾਲਾ, ਮਜੀਠਾ, ਜੰਡਿਆਲਾ ਗੁਰੂ ਅਤੇ ਚੋਗਾਵਾਂ ਤੋਂ ਵੀ ਪੈਨਸ਼ਨਰ ਸਾਥੀ ਵੱਡੀ ਗਿਣਤੀ 'ਚ ਸਾਥੀ ਪਹੁੰਚਣਗੇ। ਉਨ੍ਹਾਂ ਐਸੋਸੀਏਸ਼ਨ ਵਲੋਂ ਸਾਰੇ ਸਾਥੀਆਂ ਨੂੰ ਇਸ ਸਮਾਗਮ 'ਚ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ। ਅੱਜ ਦੀ ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਬਲਦੇਵ ਸਿੰਘ ਸੰਧੂ, ਕਰਤਾਰ ਸਿੰਘ ਐਮ. ਏ., ਬ੍ਰਹਮ ਦੇਵ, ਬਲਕਾਰ ਨਈਅਰ, ਗੁਰਬਚਨ ਸਿੰਘ, ਪ੍ਰਿੰ. ਸੋਹਨ ਲਾਲ, ਬਲਦੇਵ ਸਿੰਘ, ਕੁਲਵੰਤ ਸਿੰਘ ਮੱਲ੍ਹੀ, ਬਾਬਾ ਬਲਵਿੰਦਰ ਸਿੰਘ, ਕੁਲਬੀਰ ਸਿੰਘ ਜੰਡਿਆਲਾ, ਸੁਖਦੇਵ ਸਿੰਘ ਘਈ, ਗੁਰਸ਼ਰਨਜੀਤ ਸਿੰਘ, ਸਤਨਾਮ ਸਿੰਘ ਪਾਖਰਪੁਰਾ, ਗੁਲਸ਼ਨ ਕੁਮਾਰ, ਰਮੇਸ਼ ਭਨੋਟ, ਸਰਬਜੀਤ ਸਿੰਘ ਸੰਧੂ, ਪ੍ਰੇਮ ਚੰਦ, ਪਿਆਰਾ ਲਾਲ ਭਗਤ, ਗਿਆਨੀ ਮੋਹਨ ਸਿੰਘ, ਨਰਿੰਦਰ ਅਗਨੀਹੋਤਰੀ, ਲਖਬੀਰ ਸਿੰਘ ਢੋਟ, ਰਤਨ ਸਿੰਘ, ਦਲਜੀਤ ਸਿੰਘ, ਸ਼ਾਮ ਲਾਲ ਵਾਸ਼ਿਸ਼ਟ, ਵਿਜੇ ਕੁਮਾਰ, ਸੁਰਿੰਦਰ ਸਿੰਘ, ਇੰਦਰਜੀਤ ਸ਼ਰਮਾ, ਖੇਮ ਰਾਜ ਆਦਿ ਵੀ ਹਾਜ਼ਰ ਸਨ।

ਛੇਹਰਟਾ ਪੁਲਿਸ ਥਾਣੇ ਬਾਹਰ ਨਾਅਰੇਬਾਜ਼ੀ ਕਰਦੇ ਹੋਏ ਕਿਸਾਨ ਆਗੂ। ਅਜੀਤ ਤਸਵੀਰ

ਕਿਸਾਨਾਂ ਵਲੋਂ ਨਿਤਿਨ ਗਡਕਰੀ ਦਾ ਅੰਮ੍ਰਿਤਸਰ ਆਉਣ 'ਤੇ ਤਿੱਖਾ ਵਿਰੋਧ

ਕਿਸਾਨ ਆਗੂਆਂ ਨੂੰ ਹਿਰਾਸਤ 'ਚ ਲਿਆ

ਅੰਮ੍ਰਿਤਸਰ, 8 ਦਸੰਬਰ (ਗਗਨਦੀਪ ਸ਼ਰਮਾ)-ਕੇਂਦਰੀ ਮੰਤਰੀ ਨਿਤਿਨ ਗਡਕਰੀ ਦਾ ਅੰਮ੍ਰਿਤਸਰ ਆਉਣ 'ਤੇ ਕਿਸਾਨਾਂ ਵਲੋਂ ਤਿੱਖਾ ਵਿਰੋਧ ਕੀਤਾ ਗਿਆ, ਜਿਸ 'ਤੇ ਕੁਝ ਕਿਸਾਨ ਆਗੂਆਂ ਨੂੰ ਪੁਲਿਸ ਨੇ ਹਿਰਾਸਤ 'ਚ ਲੈ ਲਿਆ ਅਤੇ ਕੁਝ ਦੇ ਘਰਾਂ ਦੇ ਬਾਹਰ ਪੁਲਿਸ ਪਹਿਰਾ ਲਗਾ ਦਿੱਤਾ ਗਿਆ। ਸੂਬਾ ਦਫਤਰ ਸਕੱਤਰ ਗੁਰਬਚਨ ਸਿੰਘ ਚੱਬਾ ਨੇ ਦੱਸਿਆ ਕਿ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵਲੋਂ ਕਿਸਾਨ ਆਗੂ ਜਰਮਨਜੀਤ ਸਿੰਘ ਬੰਡਾਲਾ, ਸਕੱਤਰ ਸਿੰਘ ਕੋਟਲਾ, ਜਰਨੈਲ ਸਿੰਘ ਨੂਰਦੀ, ਬਾਜ ਸਿੰਘ ਸਰੰਗੜਾ, ਹਰਪਾਲ ਸਿੰਘ ਸਿੱਧਵਾਂ ਅਤੇ ਪਾਖਰ ਸਿੰਘ ਲਾਲਪੁਰਾ ਦੀ ਅਗਵਾਈ 'ਚ ਗਡਕਰੀ ਦਾ ਤਿੱਖਾ ਵਿਰੋਧ ਕੀਤਾ ਗਿਆ ਅਤੇ ਸ਼ਾਂਤਮਈ ਵਿਰੋਧ ਕਰਦੇ ਕਿਸਾਨਾਂ ਨੂੰ ਪੁਲਿਸ ਵਲੋਂ ਜ਼ਬਰਦਸਤੀ ਹਿਰਾਸਤ 'ਚ ਲੈਣ ਉਪਰੰਤ ਵੱਖ-ਵੱਖ ਥਾਣਿਆਂ 'ਚ ਅੰਦਰ ਬੰਦ ਕਰ ਦਿੱਤਾ। ਉਨ੍ਹਾਂ ਦੋਸ਼ ਲਗਾਇਆ ਕਿ ਇਕ ਪੁਲਿਸ ਅਧਿਕਾਰੀ ਵਲੋਂ ਕਿਸਾਨਾਂ 'ਤੇ ਲਾਠੀਚਾਰਜ ਕਰਕੇ ਕਿਸਾਨ ਗੁਰਵੇਲ ਸਿੰਘ ਧੌਲ ਦੀ ਦਸਤਾਰ ਦੀ ਬੇਅਦਬੀ ਕੀਤੀ ਗਈ। ਉਨ੍ਹਾਂ ਮੰਗ ਕੀਤੀ ਕਿ ਗ੍ਰਿਫ਼ਤਾਰ ਕੀਤੇ ਕਿਸਾਨ ਆਗੂ ਤੁਰੰਤ ਰਿਹਾਅ ਕੀਤੇ ਜਾਣ। ਇਸ ਮੌਕੇ ਚਰਨਜੀਤ ਸਿੰਘ ਸਫੀਪੁਰ, ਕੰਵਲਜੀਤ ਸਿੰਘ ਵੰਚੜ੍ਹੀ, ਅਵਤਾਰ ਬਾਵਾ, ਦਿਲਬਾਗ ਸਿੰਘ ਚਕਮਿਸ਼ਰੀ ਖਾਂ, ਡਾ. ਬਿੱਲਾ ਸਮੇਤ ਹੋਰ ਵੀ ਹਾਜ਼ਰ ਸਨ।

ਨਗਰ ਨਿਗਮ ਚੋਣਾਂ 21 ਦਸੰਬਰ ਨੂੰ ਕਰਵਾਉਣ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪ੍ਰਗਟਾਇਆ ਇਤਰਾਜ਼

ਅੰਮ੍ਰਿਤਸਰ, 8 ਦਸੰਬਰ (ਹਰਮਿੰਦਰ ਸਿੰਘ)-ਪੰਜਾਬ ਦੇ ਮੁੱਖ ਚੋਣ ਕਮਿਸ਼ਨਰ ਵਲੋਂ ਨਗਰ ਨਿਗਮ ਤੇ ਨਗਰ ਕੌਂਸਲ ਦੀਆਂ ਚੋਣਾਂ 21 ਦਸੰਬਰ ਨੂੰ ਕਰਵਾਏ ਜਾਣ ਦਾ ਐਲਾਨ ਕੀਤੇ ਜਾਣ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਸੰਬਰ ਮਹੀਨਾ ਸਿੱਖ ਇਤਿਹਾਸ ਅੰਦਰ ਵੱਡੀ ਮਹੱਤਤਾ ਰੱਖਦਾ ਹੈ। ਇਨ੍ਹਾਂ ਦਿਨਾਂ ਵਿਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਅਤੇ ਪਿਆਰੇ ਸਿੱਖਾਂ ਦੀਆਂ ਸ਼ਹਾਦਤਾਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇਤਿਹਾਸਕ ਦਿਹਾੜਿਆਂ ਦੇ ਮਦੇਨਜ਼ਰ ਸ਼੍ਰੋਮਣੀ ਕਮੇਟੀ ਵਲੋਂ ਚੋਣਾਂ ਜਨਵਰੀ 'ਚ ਨਗਰ ਨਿਗਮ ਚੋਣਾਂ ਕਰਵਾਏ ਜਾਣ ਲਈ ਪਹਿਲਾਂ ਹੀ ਪੱਤਰ ਲਿਖਿਆ ਗਿਆ ਸੀ, ਪ੍ਰੰਤੂ ਦੁੱਖ ਦੀ ਗੱਲ ਹੈ ਕਿ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਦਰਕਿਨਾਰ ਕਰਕੇ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਹੈ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਤਸਵੀਰ।

ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਸੀ ਕਿ ਉਹ ਸਿੱਖ ਕੌਮ ਦੀਆਂ ਭਾਵਨਾਵਾਂ ਅਨੁਸਾਰ ਚੋਣਾਂ ਜਨਵਰੀ ਮਹੀਨੇ ਵਿਚ ਕਰਵਾਉਂਦੀ ਅਤੇ ਇਸ ਸੰਬੰਧੀ ਪਹਿਲਾਂ ਹੀ ਚੋਣ ਕਮਿਸ਼ਨ ਨੂੰ ਸਪਸ਼ਟ ਕਰਦੀ। ਐਡਵੋਕੇਟ ਧਾਮੀ ਨੇ ਕਿਹਾ ਕਿ 22 ਦਸੰਬਰ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਹੈ, ਇਸ ਸੰਬੰਧੀ 21 ਦਸੰਬਰ ਨੂੰ ਸ੍ਰੀ ਚਮਕੌਰ ਸਾਹਿਬ ਵਿਖੇ ਸ਼ਹੀਦੀ ਜੋੜ ਮੇਲੇ ਦੇ ਸਮਾਗਮ ਆਰੰਭ ਹੋਣਗੇ। ਉਸੇ ਦਿਨ ਪੰਜਾਬ ਸਰਕਾਰ ਵਲੋਂ ਚੋਣਾਂ ਕਰਵਾਈਆਂ ਜਾਣੀਆਂ ਸਿੱਖ ਭਾਵਨਾਵਾਂ ਦੇ ਬਿਲਕੁਲ ਵਿਰੁੱਧ ਹਨ। ਐਡਵੋਕੇਟ ਧਾਮੀ ਨੇ ਪੰਜਾਬ ਦੇ ਮੁੱਖ ਚੋਣ ਕਮਿਸ਼ਨਰ ਨੂੰ ਕਿਹਾ ਕਿ ਸਿੱਖ ਕੌਮ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਨਗਰ ਨਿਗਮ ਅਤੇ ਨਗਰ ਕੌਂਸਲਾਂ ਦੀਆਂ ਚੋਣਾਂ ਦੀ ਤਰੀਕ ਬਦਲ ਕੇ ਜਨਵਰੀ 2025 ਵਿਚ ਨਿਰਧਾਰਤ ਕੀਤੀ ਜਾਵੇ।

'ਆਪ' ਨਿਗਮ ਚੋਣਾਂ ਜਿੱਤ ਕੇ ਸ਼ਹਿਰ 'ਚ ਵਿਕਾਸ ਕੰਮਾਂ ਦੀ ਝੜੀ ਲਗਾ ਦਵੇਗੀ-ਮਨੀਸ਼ ਅਗਰਵਾਲ

ਅੰਮ੍ਰਿਤਸਰ, 8 ਦਸੰਬਰ (ਗਗਨਦੀਪ ਸ਼ਰਮਾ)-ਆਮ ਆਦਮੀ ਪਾਰਟੀ ਨਗਰ ਨਿਗਮ ਚੋਣਾਂ ਬਹੁਮਤ ਨਾਲ ਜਿੱਤਕੇ ਸ਼ਹਿਰ 'ਚ ਵਿਕਾਸ ਕੰਮਾਂ ਦੀ ਝੜੀ ਲਗਾ ਦਵੇਗੀ, ਜਿਸ ਨਾਲ ਅੰਮ੍ਰਿਤਸਰ ਨਾ ਕੇਵਲ ਪੂਰੇ ਸੂਬੇ 'ਚ ਬਲਕਿ ਦੇਸ਼ 'ਚ ਮਾਡਲ ਸ਼ਹਿਰ ਬਣਕੇ ਉਭਰੇਗਾ। 'ਆਪ' ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਅਤੇ ਗਊ ਸੇਵਾ ਕਮੀਸ਼ਨ ਪੰਜਾਬ ਦੇ ਉਪ-ਪ੍ਰਧਾਨ ਮਨੀਸ਼ ਅਗਰਵਾਲ ਨੇ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨਿਗਮ ਚੋਣਾਂ 'ਚ ਚੋਣ ਲੜਨ ਦੇ ਚਾਹਵਾਨ ਲੋਕਾਂ ਵਲੋਂ ਦਿੱਤੇ ਜਾ ਰਹੇ ਕਾਗਜ਼ਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਹੁਣ ਤੱਕ 750 ਦਾਅਵੇਦਾਰੀਆਂ ਆ ਚੁੱਕੀਆਂ ਹਨ, ਹੁਣ ਪਾਰਟੀ ਦੀ ਸਕ੍ਰੀਨਿੰਗ ਕਮੇਟੀ ਵਲੋਂ ਸਹੀ ਉਮੀਦਵਾਰਾਂ ਨੂੰ ਟਿਕਟ ਦੇ ਕੇ ਚੋਣ ਮੈਦਾਨ 'ਚ ਉਤਾਰਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਵਾਰ ਨਿਗਮ ਚੋਣਾਂ ਦੀ ਕਮਾਨ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਹੱਥਾਂ 'ਚ ਸੌਂਪੀ ਗਈ ਹੈ ਅਤੇ ਉਹ ਲੋਕਾਂ 'ਚ ਜਾ ਕੇ ਉਨ੍ਹਾਂ ਦੀ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ 'ਚ ਡਟੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਬੀ. ਆਰ. ਟੀ. ਐੱਸ. ਪ੍ਰੋਜੈਕਟ ਵੀ ਉਨ੍ਹਾਂ ਦੀ ਕੋਸ਼ਿਸ਼ ਸਦਕਾ ਹੀ ਮੁੜ ਸ਼ੁਰੂ ਹੋ ਸਕਿਆ ਹੈ ਅਤੇ ਭਗਤਾਂ ਵਾਲਾ ਕੂੜੇ ਦੇ ਡੰਪ ਨੂੰ ਖਤਮ ਕਰਨ ਲਈ ਵੀ ਨਵਾਂ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ।

ਗੋਡੇ ਦੀ ਗੰਭੀਰ ਸੱਟ ਨਾਲ ਖੇਡਣ ਤੋਂ ਅਸਮਰਥ ਹੋਈ ਖਿਡਾਰਨ ਆਪ੍ਰੇਸ਼ਨ ਉਪਰੰਤ ਮੁੜ ਖੇਡਣ ਦੇ ਕਾਬਲ ਹੋਈ- ਡਾ. ਤਾਪਿਸ਼ ਸ਼ੁਕਲਾ

ਅੰਮ੍ਰਿਤਸਰ, 8 ਦਸੰਬਰ (ਰੋਸ਼ਮ ਸਿੰਘ)-ਗੋਡੇ ਦੀ ਗੰਭੀਰ ਸੱਟ ਲੱਗਣ ਕਾਰਨ ਖੇਡਣ ਤੋਂ ਅਸਮਰਥ ਹੋਈ ਇਕ ਖਿਡਾਰਨ ਦੇ ਗੋਡੇ ਦੇ ਕੀਤੇ ਸਫਲਤਾਪੂਰਵਕ ਇਲਾਜ਼ ਅਤੇ ਆਪ੍ਰੇਸ਼ਨ ਉਪਰੰਤ ਨਾ ਉਸ ਨੂੰ ਕੇਵਲ ਦਰਦ ਤੋਂ ਹੀ ਨਿਜ਼ਾਤ ਮਿਲੀ ਹੈ, ਸਗੋਂ ਉਹ ਮੁੜ ਖੇਡ ਮੈਦਾਨ 'ਚ ਜਾ ਕੇ ਖੇਡਣ ਦੇ ਕਾਬਲ ਵੀ ਹੋ ਗਈ ਹੈ। ਇਹ ਖੁਲਾਸਾ ਕਰਦਿਆਂ ਫੋਰਟਿਸ ਐਸਕਾਰਟ ਹਸਪਤਾਲ ਦੇ ਡਾ: ਤਾਪਿਸ਼ ਸ਼ੁਕਲਾ ਨੇ ਦਸਿਆ ਕਿ ਯੂ.ਪੀ. ਦੇ ਸ਼ਹਿਰ ਗੋਰਖਪੁਰ ਦੀ ਰਹਿਣ ਵਾਲੀ ਖਿਡਾਰਨ ਰੀਆ ਸ੍ਰੀ ਵਾਸਤਵ (21) ਨੇ 12 ਰਾਸ਼ਟਰੀ ਵਾਲੀਬਾਲ ਖੇਡ ਮੁਕਾਬਲਿਆਂ ਵਿਚ ਉੱਤਰ ਪ੍ਰਦੇਸ਼ ਦੀ ਨੁਮਾਇੰਦਗੀ ਕਰਦੇ ਹੋਏ ਅਤੇ ਥਾਈਲੈਂਡ ਵਿਚ 2018 ਦੱਖਣ-ਪੂਰਬੀ ਏਸ਼ੀਆਈ ਚੈਂਪੀਅਨਸ਼ਿਪ ਵਿਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ, ਪੇਸ਼ੇਵਰ ਵਾਲੀਬਾਲ ਦੀ ਦੁਨੀਆ ਵਿਚ ਵੱਡੀਆਂ ਮੱਲਾਂ ਮਾਰੀਆਂ ਹਨ ਜੋ ਕਿ ਉਸਦੇ ਸ਼ਾਨਦਾਰ ਕਰੀਅਰ ਨੂੰ ਇੱਕ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਜਦੋਂ ਉਸਨੂੰ ਇਸੇ ਸਾਲ ਮਾਰਚ ਮਹੀਨੇ 'ਚ ਗੋਡੇ ਦੀ ਗੰਭੀਰ ਸੱਟ ਲੱਗ ਗਈ। ਉਸ ਦੇ ਸੱਜੇ ਗੋਡੇ ਵਿਚ ਆਤਮ ਵਿਸ਼ਵਾਸ ਦੀ ਸਮੱਸਿਆ ਸੀ ਅਤੇ ਇਸ ਨੇ ਉਸ ਨੂੰ ਆਪਣੀ ਖੇਡ ਖੇਡਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਦਸਿਆ ਕਿ ਕਮਾਲ ਦੀ ਗੱਲ ਇਹ ਹੈ ਆਪ੍ਰੇਸ਼ਨ ਤੋਂ ਤਿੰਨ ਮਹੀਨੇ ਬਾਅਦ ਹੀ ਖਿਡਾਰਨ ਰੀਆ ਨੇ ਆਪਣੇ ਗੋਡੇ ਵਿਚ ਪੂਰੀ ਗਤੀਸ਼ੀਲਤਾ ਮੁੜ ਪ੍ਰਾਪਤ ਕਰ ਲਈ ਹੈ। ਉਹ ਦਰਦ ਜਾਂ ਅਸਥਿਰਤਾ ਦੇ ਡਰ ਤੋਂ ਬਿਨਾਂ ਜਾਗ ਕਰ ਸਕਦੀ ਹੈ, ਦੌੜ ਸਕਦੀ ਹੈ ਅਤੇ ਖੇਡਾਂ 'ਚ ਮੁੜ ਭਾਗ ਲੈਣ ਦੇ ਕਾਬਲ ਹੋ ਗਈ ਹੈ।

ਡਾ: ਤਾਪਿਸ਼ ਸ਼ੁਕਲਾ

ਰੇਲਵੇ ਲਾਈਨਾਂ ਨੇੜਿਓ ਬਜ਼ੁਰਗ ਵਿਅਕਤੀ ਦੀ ਲਾਸ਼ ਮਿਲੀ

ਅੰਮ੍ਰਿਤਸਰ, 8 ਦਸੰਬਰ (ਗਗਨਦੀਪ ਸ਼ਰਮਾ)-ਰੇਲਵੇ ਸਟੇਸ਼ਨ ਭਗਤਾਂ ਵਾਲਾ-ਤਰਨ ਤਾਰਨ ਦਰਮਿਆਨ ਪੈਂਦੇ ਕਿਲੋਮੀਟਰ ਨੰਬਰ 10/1 ਤੇ ਖੰਬਾ ਨੰਬਰ 10/1-10/2 ਦੀਆਂ ਰੇਲਵੇ ਲਾਈਨਾਂ ਨੇੜਿਓ ਇਕ ਬਜ਼ੁਰਗ ਵਿਅਕਤੀ ਦੀ ਲਾਸ਼ ਮਿਲੀ ਹੈ। ਜੀ. ਆਰ. ਪੀ. ਪੁਲਿਸ ਚੌਂਕੀ ਤਰਨ-ਤਾਰਨ 'ਚ ਤਾਇਨਾਤ ਏ. ਐੱਸ. ਆਈ. ਅਮਰੀਕ ਸਿੰਘ ਨੇ ਉਕਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਮ੍ਰਿਤਕ ਦੀ ਉਮਰ ਕਰੀਬ 60 ਸਾਲ ਹੈ ਅਤੇ ਉਸਦੀ ਮੌਤ ਕੁਦਰਤੀ ਹੋਈ ਜਾਪਦੀ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਪਹਿਚਾਣ ਨਾ ਹੋ ਸਕਣ ਕਰਕੇ ਲਾਸ਼ 72 ਘੰਟੇ ਲਈ ਜੀ. ਆਰ. ਪੀ. ਅੰਮ੍ਰਿਤਸਰ 'ਚ ਬਣੀ ਮੋਰਚਰੀ 'ਚ ਰੱਖਕੇ 194 ਬੀ. ਐੱਨ. ਐੱਸ. ਐੱਸ. ਦੀ ਕਾਰਵਾਈ ਅਮਲ 'ਚ ਲਿਆਂਦੀ ਗਈ ਹੈ।

ਸੰਨ 1932 'ਚ ਧੰਨਾ ਸਿੰਘ ਚਹਿਲ ਪਟਿਆਲਵੀ ਵਲੋਂ ਅਟਕ ਦੇ ਪਿੰਡ ਕਾਵਾ 'ਚ ਮੌਜੂਦ ਭਾਈ ਘਨੱਈਆ ਦੀ ਧਰਮਸ਼ਾਲਾ ਅਤੇ ਸਮਾਧ ਦੀ ਲਈ ਗਈ ਕੈਮਰਾ ਤਸਵੀਰ। (ਸੱਜੇ) ਭਾਈ ਘਨੱਈਆ ਦੀ ਧਰਮਸ਼ਾਲਾ ਅਤੇ ਸਮਾਧ ਬਾਰੇ ਜਾਣਕਾਰੀ ਦਿੰਦੇ ਹੋਏ ਡਾ: ਤਰੁਨਜੀਤ ਸਿੰਘ ਬੁਤਾਲੀਆ। ਤਸਵੀਰ ਰਾਹੀਂ : ਸੁਰਿੰਦਰ ਕੋਛੜ

ਲੁਪਤ ਹੋਈ ਸਮਝੀ ਜਾ ਰਹੀ ਭਾਈ ਘਨੱਈਆ ਦੀ ਧਰਮਸ਼ਾਲਾ ਪਾਕਿ ਦੇ ਅਟਕ ਸ਼ਹਿਰ 'ਚ ਮੌਜੂਦ

ਅਮਰੀਕਾ ਆਧਾਰਿਤ 'ਜੀਵੇ ਸਾਂਝਾ ਪੰਜਾਬ' ਜਥੇਬੰਦੀ ਨੇ ਕੀਤੀ ਖੋਜ

ਅੰਮ੍ਰਿਤਸਰ, 8 ਦਸੰਬਰ (ਸੁਰਿੰਦਰ ਕੋਛੜ)-ਸਰਬੰਸਦਾਨੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ ਸਿੱਖ ਭਾਈ ਘਨੱਈਆ ਵਲੋਂ ਪਾਕਿਸਤਾਨ ਦੇ ਅਟਕ ਸ਼ਹਿਰ 'ਚ ਬਣਾਈ ਧਰਮਸ਼ਾਲਾ ਬਾਰੇ ਅਮਰੀਕਾ ਆਧਾਰਿਤ ਜੀਵੇ ਸਾਂਝਾ ਪੰਜਾਬ ਨਾਮੀ ਜਥੇਬੰਦੀ ਦੇ ਡਾ: ਤਰੁਨਜੀਤ ਸਿੰਘ ਬੁਤਾਲੀਆ (ਪ੍ਰੋ. ਓਹਇਓ ਸਟੇਟ ਯੂਨੀਵਰਸਿਟੀ, ਯੂ. ਐੱਸ. ਏ.)